## ਟਰੰਪ ਹਮਾਇਤੀ ਸਿੱਖਾਂ ਵੱਲੋਂ ਬਿਡੇਨ ਦੀ ਚੋਣ ਮੁਹਿੰਮ ਦਾ ਵਿਰੋਧ



ਵਾਸ਼ਿੰਗਟਨ, 30 ਸਤੰਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਅਧੀਨ ਸਿੱਖਾਂ ਦੇ ਸੁਰੱਖਿਅਤ ਹੋਣ ਦਾ ਦਾਅਵਾ ਕਰਦੇ ਇੱਕ ਮੁੱਖ ਸਿੱਖ ਅਮਰੀਕੀ ਗਰੁੱਪ ਨੇ ਦੋਸ਼ ਲਾਇਆ ਹੈ ਕਿ ਜੋਅ ਬਿਡੇਨ ਦੀ ਮੁਹਿੰਮ ਸਿੱਖ ਭਾਈਚਾਰੇ ਦਾ ਹੌਸਲਾ ਢਾਹੁਣ ਤੇ ਉਸ ਨੂੰ ਨਿਰਾਸ਼ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਵਰਨਣ ਯੋਗ ਹੈ ਕਿ ਜੋਅ ਬਿਡੇਨ ਰਾਸ਼ਟਰਪਤੀ ਚੋਣਾਂ 'ਚ ਡੈਮੋਕ੍ਰੇਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਲਈ ਉਮੀਦਵਾਰ ਹਨ। ਇਸ ਬਾਰੇ ਸਿੱਖ ਅਮਰੀਕੀ ਵਕੀਲ ਅਤੇ ਟਰੰਪ ਦੇ ਵਕੀਲਾਂ ਵਿੱਚੋਂ ਇੱਕ (ਕੋ-ਚੇਅਰ) ਹਰਮੀਤ ਢਿੱਲੋਂ ਨੇ ਕਿਹਾ ਕਿ ਧਾਰਮਿਕ ਆਜ਼ਾਦੀ ਅਤੇ ਖੁਦਮੁਖਤਾਰੀ ਯਕੀਨੀ ਬਣਾਉਣ ਲਈ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪਹਿਲ ਕਾਰਨ ਹੀ ਇੰਨੇ ਸਾਰੇ ਸਿੱਖ ਨੌਜਵਾਨ ਅਮਰੀਕੀ ਫੌਜ ਵਿੱਚ ਪੱਗ ਤੇ ਦਾੜ੍ਹੀ ਨਾਲ ਸੇਵਾ ਕਰ ਰਹੇ ਹਨ। ਟਰੰਪ ਦੀ ਮੁਹਿੰਮ ਨਾਲ ਜੁੜੇ ਸਿੱਖਾਂ ਵਿੱਚੋਂ ਇੱਕ ਹੋਰ ਕੋ-ਚੇਅਰ ਜਸਦੀਪ ਸਿੰਘ ਨੇ ਦੱਸਿਆ ਕਿ ਸਿੱਖ ਭਾਈਚਾਰੇ ਦੇ ਲੋਕ ਪਹਿਲਾਂ ਕਦੀ ਵੀ ਇੰਨੇ ਸੁਰੱਖਿਅਤ ਨਹੀਂ ਸੀ, ਜਿੰਨੇ ਰਾਸ਼ਟਰਪਤੀ ਟਰੰਪ ਦੇ ਰਾਜ ਵਿੱਚ ਹਨ। ਉਨ੍ਹਾਂ ਨੇ ਕਿਹਾ, 'ਅਸੀਂ ਬਹਾਦਰ ਕੌਮ ਹਾਂ। ਸਾਨੂੰ ਕੋਈ ਪ੍ਰੇਸ਼ਾਨ ਨਹੀਂ ਕਰ ਸਕਦਾ। ਅਜਿਹਾ ਕਹਿ ਕੇ ਕਿ ਸਿੱਖ ਭਾਈਚਾਰਾ ਅਮਰੀਕਾ ਵਿੱਚ ਸੁਰੱਖਿਅਤ ਨਹੀਂ, ਬਿਡੇਨ ਦੀ ਚੋਣ ਟੀਮ ਸਾਡਾ ਹੌਸਲਾ ਤੋੜਨ ਅਤੇ ਸਾਨੂੰ ਨਿਰਾਸ਼ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।' ਉਨ੍ਹਾਂ ਨੇ ਦਾਅਵਾ ਕੀਤਾ ਕਿ ਬਿਡੇਨ-ਹੈਰਿਸ ਦਾ ਪ੍ਰਸ਼ਾਸਨ ਸਿੱਖ ਵਿਰੋਧੀ ਹੋਵੇਗਾ।

## ਮਹਿਲਾ ਸਮੇਤ 3 ਜਰਮਨ ਨਾਗਰਿਕ ਕਿਸ਼ਤੀ ਰਾਹੀਂ ਨਿਊਜ਼ੀਲੈਂਡ ਵਿੱਚ ਵੜਦੇ ਗ੍ਰਿਫ਼ਤਾਰ



ਆਕਲੈਂਡ, 30 ਸਤੰਬਰ (ਪੋਸਟ ਬਿਊਰੋ)- ਜਰਮਨ ਦੇ ਤਿੰਨ ਜਣੇ ਇੱਕ ਕਿਸ਼ਤੀ ਵਿੱਚ ਇੱਥੇ ਇੱਕ ਸਮੁੰਦਰੀ ਰਸਤੇ ਤੋਂ ਪਹੁੰਚੇ ਅਤੇ ਨਿਊਜ਼ੀਲੈਂਡ 'ਚ ਦਾਖ਼ਲ ਹੋਣਾ ਚਾਹੁੰਦੇ ਸਨ। ਇਹ ਸਮੁੰਦਰੀ ਸਫ਼ਰ 4100 ਕਿਲੋਮੀਟਰ ਬਣਦਾ ਹੈ। ਸਮੁੰਦਰੀ ਸਫ਼ਰ ਦੇ ਦੌਰਾਨ ਭਾਵੇਂ ਉਨ੍ਹਾਂ ਨੇ ਦਾਖ਼ਲ ਹੋਣ ਦੀ ਛੋਟ ਵਾਸਤੇ ਅਰਜ਼ੀ ਦਿੱਤੀ ਸੀ, ਪਰ ਉਸ ਨੂੰ ਸਿਹਤ ਵਿਭਾਗ ਵੱਲੋਂ ਨਾ-ਮਨਜ਼ੂਰ ਕਰ ਦਿਤਾ ਗਿਆ ਹੈ। ਇਹ ਤਿੱਕੜੀ ਅਜੇ ਜੇਲ੍ਹ 'ਚ ਰਹੇਗੀ ਤੇ ਫਿਰ ਵਾਪਸ ਜਰਮਨ ਜਾ ਪਵੇਗਾ।

ਪਿਛਲੇ ਦਿਨੀਂ ਇਨ੍ਹਾਂ ਨੂੰ ਇਮੀਗ੍ਰੇਸ਼ਨ ਵਿਭਾਗ ਨੇ ਗ੍ਰਿਫ਼ਤਾਰ ਕੀਤਾ ਸੀ। ਇਨ੍ਹਾਂ ਦੇ ਨਾਂ ਸਨ ਜੈਕਬ ਕਰਾਊਸ, ਸੋਫੀਆ ਉਲਬਰਿੱਚ (ਮਹਿਲਾ) ਅਤੇ ਹੰਸ ਬੌਰਨਰ। ਇਨ੍ਹਾਂ ਨੂੰ ਆਕਲੈਂਡ ਜ਼ਿਲ੍ਹਾ ਅਦਾਲਤ ਵਿੱਚ ਪੇਸ਼ ਕੀਤਾ ਗਿਆ ਅਤੇ 'ਵਾਰੰਟ ਆਫ਼ ਕਮਿਟਮੈਂਟ' ਅਧੀਨ ਅਦਾਲਤੀ ਸੁਣਵਾਈ ਹੋਈ। ਇਨ੍ਹਾਂ ਦੇ ਵਕੀਲ ਨੇ ਕਿਹਾ ਕਿ ਇਹ ਤਿਕੜੀ ਤਾਹਿਤੀ (ਫ੍ਰੈਂਚ ਪੌਲੀਨੇਸ਼ੀਆ) ਤੋਂ ਨਿਊਜ਼ੀਲੈਂਡ ਆਉਣਾ ਚਾਹੁੰਦੀ ਸੀ ਤੇ ਆਪਣੀ ਕਿਸ਼ਤੀ ਓਪੂਆ ਇਲਾਕੇ ਵਿਚ ਛੱਡ ਕੇ ਫਲਾਈਟ ਫੜ ਕੇ ਜਰਮਨੀ ਵਾਪਸ ਜਾਣਾ ਚਾਹੁੰਦੀ ਸੀ। ਉਨ੍ਹਾਂ ਨਿਊਜ਼ਲੈਂਡ ਨੂੰ ਚਾਲੇ ਪਾ ਦਿੱਤੇ ਤੇ ਦਾਖ਼ਲੇ ਦੀ ਮੰਜ਼ੂਰੀ ਲਈ ਅਰਜ਼ੀ ਪੇਸ਼ ਕਰ ਦਿੱਤੀ। ਅਰਜ਼ੀ ਨਾ ਮੰਜ਼ੂਰ ਹੋ ਗਈ। ਇਸ ਦੌਰਾਨ ਇਨ੍ਹਾਂ ਦੀ ਕਿਸ਼ਤੀ ਵੀ ਨੁਕਸਾਨੀ ਗਈ ਸੀ ਅਤੇ ਖਤਰਾ ਪੈਦਾ ਹੋ ਗਿਆ ਸੀ। ਇਸ ਕਰਕੇ ਇਨ੍ਹਾਂ ਨੇ ਨਿਊਜ਼ੀਲੈਂਡ ਆਉਣਾ ਜਾਰੀ ਰੱਖਿਆ ਤੇ ਇੱਥੇ ਆ ਕੇ ਇਮੀਗ੍ਰੇਸਨ ਵੱਲੋਂ ਫੜੇ ਗਏ।


NEW CONDOS COMING SOON



STARTING FROM

$299,900

50 Herrick Ave. St. Catharines

QUICK FACTS:

Maintenance Fee: $0.55 Per SqFt

Parking: $7,500

Occupancy: March 2023

MONTEBELLO

ST. CATHARINES

Deposit Structure:

- $5000 Due on Signing
- Balance to 5% in 30 days,
- 5% in 180 days,
- 5% in 240 days

For Scheduling an appointment, or request more Information:

Hardeep Grewal

(416) 877 6464



Century 21

President Realty Inc Brokerage*

Independently Owned and Operated.

Grewalhomes.com

Jagdish Grewal

Sales Representative

416 877-6464

or E-mail Jagdish@grewalhomes.com


## ਕੋਰੋਨਾ ਬਾਰੇ ਨਵਾਂ ਗਲੋਬਲ ਟੈਸਟ ਮਿੰਟੋ-ਮਿੰਟੀ ਨਤੀਜਾ ਦੇਵੇਗਾ



ਜਨੇਵਾ, 30 ਸਤੰਬਰ (ਪੋਸਟ ਬਿਊਰੋ)- ਇੱਕ ਪ੍ਰੀਖਣ ਜਿਹੜਾ ਕੋਵਿਡ-19 ਨੂੰ ਮਿੰਟਾਂ ਵਿੱਚ ਸਾਰਾ ਪਤਾ ਕਰ ਸਕਦਾ ਹੈ, ਨਾਟਕੀ ਰੂਪ ਨਾਲ ਘੱਟ ਅਤੇ ਮੱਧਮ ਆਮਦਨ ਵਾਲੇ ਦੇਸ਼ਾਂ ਵਿੱਚ ਕੇਸਾਂ ਦਾ ਪਤਾ ਲਾਉਣ ਦੀ ਸਮਰੱਥਾ ਵਧਾਏਗਾ। ਵਿਸ਼ਵ ਸਿਹਤ ਸੰਗਠਨ (ਡਬਲੂਯ ਐਚ ਓ) ਨੇ ਇਹ ਟਿੱਪਣੀ ਕੀਤੀ ਹੈ। ਬੀ ਬੀ ਸੀ ਨੇ ਦੱਸਿਆ ਕਿ ਪੰਜ ਡਾਲਰ ਦਾ ਪ੍ਰੀਖਣ ਉਨ੍ਹਾਂ ਘੱਟ ਅਮੀਰ ਦੇਸ਼ਾਂ ਵਿੱਚ ਕੋਵਿਡ-19 ਦੀ ਟਰੈਕਿੰਗ ਕਰਨ ਦੇ ਤਰੀਕੇ ਨੂੰ ਬਦਲ ਸਕਦਾ ਹੈ, ਜਿੱਥੇ ਸਿਹਤ ਮੁਲਾਜ਼ਮਾਂ ਤੇ ਲੈਬਾਰਟਰੀਜ਼ ਦੀ ਕਮੀ ਹੈ। ਨਿਰਮਾਤਾਵਾਂ ਦੇ ਦਾਅਵੇ ਅਨੁਸਾਰ ਇਹ ਛੇ ਮਹੀਨੇ ਵਿੱਚ 12 ਕਰੋੜ ਪ੍ਰੀਖਣ ਕਰੇਗਾ। ਡਬਲਯੂ ਐਚ ਓ ਦੇ ਮੁਖੀ ਨੇ ਇਸ ਨੂੰ ਮੀਲ ਪੱਥਰ ਕਿਹਾ ਹੈ। ਪ੍ਰੀਖਣ ਕਰਾਉਣ ਅਤੇ ਨਤੀਜੇ ਪ੍ਰਾਪਤ ਕਰਨ ਦਾ ਲੰਬਾ ਸਮਾਂ ਲੱਗਣ ਨਾਲ ਕਈ ਦੇਸ਼ਾਂ ਦੇ ਕੋਰੋਨਾ ਵਾਇਰਸ ਦੇ ਪਸਾਰ ਨੂੰ ਕੰਟਰੋਲ ਵਿੱਚ ਰੁਕਾਵਟ ਪੈਂਦੀ ਹੈ। ਮਾਹਰਾਂ ਅਨੁਸਾਰ ਭਾਰਤ ਅਤੇ ਮੈਕਸੀਕੋ ਸਮੇਤ ਉਚ ਇਨਫੈਕਸ਼ਨ ਦਰ ਵਾਲੇ ਕੁਝ ਦੇਸ਼ਾਂ ਵਿੱਚ ਘੱਟ ਜਾਂਚ ਦਰ ਕਾਰਨ ਉਨ੍ਹਾਂ ਦੇ ਕਹਿਰ ਦੇ ਸਹੀ ਪਸਾਰ 'ਤੇ ਪਰਦਾ ਪਾ ਰਹੇ ਹਨ।

ਡਬਲਯੂ ਐਚ ਓ ਦੇ ਡਾਇਰੈਕਟਰ ਜਨਰਲ ਟੇਡ੍ਰੋਸ ਐਡਹੈਨਮ ਘ੍ਰੇਬ੍ਰੇਯਸਮ ਨੇ ਇੱਕ ਨਿਊਜ਼ ਕਾਨਫਰੰਸ ਵਿੱਚ ਦੱਸਿਆ ਕਿ ਨਵਾਂ ਆਧੁਨਿਕ ਪੋਰਟੇਬਲ ਹੋਰ ਆਸਾਨੀ ਨਾਲ ਇਸਤੇਮਾਲ ਕੀਤਾ ਜਾਣ ਵਾਲਾ ਟੈਸਟ ਘੰਟੇ ਜਾਂ ਦਿਨਾਂ ਦੀ ਬਜਾਏ 15 ਤੋਂ 30 ਮਿੰਟਾਂ ਵਿੱਚ ਨਤੀਜੇ ਪ੍ਰਦਾਨ ਕਰੇਗਾ।

### ਜ਼ਿੱਦੀ ਲੀਡਰਾਂ ਨੂੰ ਸ਼ਰੀਫ ਦਾ ਜਵਾਬ :

## ਮੈਨੂੰ ਜੇਲ੍ਹ ਭੇਜਣ ਵਾਲਿਆਂ ਨੇ ਦੇਸ਼ ਨੂੰ ਵੀ ਡੁਬੋ ਦਿੱਤੈ



ਇਸਲਾਮਾਬਾਦ, 30 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਜੇਲ੍ਹ ਭੇਜਣ ਲਈ ਜ਼ਿੰਮੇਵਾਰ ਲੋਕਾਂ ਨੇ 'ਦੇਸ਼ ਨੂੰ ਡੁਬੋ' ਦਿੱਤਾ ਹੈ ਅੱਗੇ ਤੋਂ ਅਜਿਹੀਆਂ ਹਰਕਤਾਂ ਨੂੰ ਜਾਰੀ ਰੱਖਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

'ਐਕਸਪ੍ਰੈਸ ਟ੍ਰਿਬਿਊਨ' ਦੇ ਮੁਤਾ-ਬਕ ਪਾਕਿਸਤਾਨ ਮੁਸਲਿਮ ਲੀਗ ਨਵਾਜ਼ ਦੇ ਮੁਖੀ ਨੇ ਟਵਿੱਟਰ ਮੈਸੇਜ ਰਾਹੀਂ ਜਵਾਬਦੇਹੀ ਪ੍ਰਕਿਰਿਆ ਦੀ ਭਰੋਸੇਯੋਗਤਾ 'ਤੇ ਵੀ ਸਵਾਲ ਉਠਾਏ ਹਨ, ਜਿਸ ਤਹਿਤ ਉਨ੍ਹਾਂ ਨੂੰ ਦੋਸ਼ੀ ਠਹਿਰਾਇਆ ਗਿਆ ਅਤੇ ਜੇਲ੍ਹ ਭੇਜਿਆ ਗਿਆ ਸੀ। ਨਵਾਜ਼ ਨੇ ਟਵੀਟ ਦੇ ਨਾਲ ਇਸਲਾਮਾਬਾਦ ਹਾਈ ਕੋਰਟ ਦੇ ਸਾਬਕਾ ਜੱਜ ਸ਼ੌਕਤ ਅਜ਼ੀਜ਼ ਸਿਦੀਕੀ ਦਾ ਵੀਡੀਓ ਵੀ ਸਾਂਝਾ ਕੀਤਾ ਹੈ। ਸਿਦੀਕੀ ਨੂੰ ਇੱਕ ਵਿਵਾਤ ਭਾਸ਼ਣ ਦੇਣ ਪਿੱਛੋਂ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ। ਵੀਡੀਓ ਵਿੱਚ ਇੱਕ ਹੋਰ ਸਾਬਕਾ ਜੱਜ ਅਰਸ਼ਦ ਮਲਿਕ ਨੂੰ ਦਿਖਾਇਆ ਗਿਆ ਹੈ ਜਿਸ ਵਿੱਚ ਉਹ ਸ਼ਰੀਫ ਨੂੰ ਦੋਸ਼ੀ ਠਹਿਰਾਉਣ ਲਈ ਦਬਾਅ ਪਾਏ ਜਾਣ ਦੀ ਗੱਲ ਸਵੀਕਾਰ ਕਰਦੇ ਰਹੇ ਹਨ। ਇਸ ਜੱਜ ਨੂੰ ਵੀ ਬਾਅਦ ਵਿੱਚ ਲਾਹੌਰ ਹਾਈ ਕੋਰਟ ਦੀ ਪ੍ਰਸ਼ਾਸਨਿਕ ਕਮੇਟੀ ਨੇ ਬਰਖਾਸਤ ਕਰ ਦਿੱਤਾ ਸੀ। ਨਵਾਜ਼ ਨੇ ਅੱਗੇ ਕਿਹਾ ਕਿ ਜਵਾਬਦੇਹੀ ਪ੍ਰਕਿਰਿਆ ਦੀ ਹਕੀਕਤ ਇਹੀ ਹੈ ਕਿ ਤਿੰਨ ਵਾਰ ਦੇ ਚੁਣੇ ਪ੍ਰਧਾਨ ਮੰਤਰੀ ਨੂੰ ਸਜ਼ਾ ਦਿੱਤੀ ਜਾਂਦੀ ਹੈ ਅਤੇ ਫਰਾਰ ਐਲਾਨਿਆ ਜਾਂਦਾ ਹੈ। ਸ਼ਰੀਫ ਨੇ ਜੇ ਯੂ ਆਈ-ਐਫ ਦੇ ਮੁਖੀ ਮੌਲਾਨਾ ਫਜ਼ਲੁਰ ਰਹਿਮਾਨ ਨਾਲ ਵੀ ਫੋਨ 'ਤੇ ਗੱਲ ਕੀਤੀ ਤੇ ਇਮਰਾਨ ਨੂੰ ਸੱਤਾ ਤੋਂ ਹਟਾਉਣ ਦੇ ਬਦਲਾਂ 'ਤੇ ਚਰਚਾ ਕੀਤੀ।

